# ਪ੍ਰਾਰਥਨਾ ਸਮੂਹਾਂ ਨੂੰ ਜੋ ਚਲਾਉਂਦੇ ਹਨ ਅਤੇ ਯੋਜਨਾ ਬਣਾਉਦੇ ਹਨ ਅਤੇ ਉਨ੍ਹਾਂ ਦੇ ਸਾਥੀਆਂ ਦੇ ਲਈ ਨਿਰਦੇਸ਼



ਇਹੋ ਜਿਹੀ ਅਰਾਧਨਾ ਦੀ ਯੋਜਨਾ ਬਣਾਉ ਜਿਸ ਨਾਲ ਪਰਮੇਸ਼ਰ ਨੂੰ ਮਹਿਮਾ ਮਿਲੇ, ਜਿਹੜੀ ਵਿਸ਼ਵਾਸੀਆਂ ਨੂੰ ਸਮਝਾ ਸਕੇ ਅਤੇ ਭਾਲ ਕਰਨ ਵਾਲਿਆਂ ਨੂੰ ਯਿਸੂ ਦੇ ਕੋਲ ਲਿਆ ਸਕੇ। ਜਿਹੜੇ ਅਰਾਧਨਾ ਦੇ ਆਗੂ ਹਨ, ਉਨ੍ਹਾਂ ਨੂੰ ਪ੍ਰਾਰਥਨਾ ਕਰਕੇ ਅਤੇ ਪਰਮੇ ਸ਼ਰ ਦਾ ਵਚਨ ਪੜ੍ਹ ਕੇ ਤਿਆਰੀ ਕਰਨੀ ਚਾਹੀਦੀ ਹੈ। ਆਪਣੇ ਸਾਥੀਆਂ ਦੇ ਨਾਲ, ਉਨ੍ਹਾਂ ਨੂੰ ਅਰਾਧਨਾ ਦੀ ਤਿਆਰੀ, ਨਿਰਦੇਸ਼, ਪੜ੍ਹਣ ਤੋਂ ਪਹਿਲਾਂ ਹੀ ਸ਼ੁਰੂ ਕਰ ਦੇਣੀ ਚਾਹੀਦੀ ਹੈ।

1. **ਅਰਾਧਨਾ ਦੇ ਕੰਮਾਂ ਨੂੰ ਸਮੂਹ ਦੇ ਅਨੁਸਾਰ ਲਉ।**

- ਕਲੀਸਿਆ ਸਾਧਰਣ ਤੌਰ ਤੇ ਛੋਟੇ ਸਮੂਹ ਨਾਲ ਸ਼ੁਰੂ ਹੁੰਦੀ ਹੈ। ਇਸ ਤਰ੍ਹਾਂ ਨਾਲ ਅਰਾਧਨਾ ਕਰਨੀ ਪੈਂਦੀ ਹੈ। ਜਿਹੜੀ ਨਵੇਂ ਵਿਸ਼ਵਾਸੀਆਂ ਦੇ ਛੋਟੇ ਸਮੂਹ ਦੇ ਅਨੁਸਾਰ ਹੋਵੇ।
- ਸਾਰਿਆਂ ਨੂੰ ਪੂਰੀ ਤਰ੍ਹਾਂ ਹਿੱਸਾ ਲੈਣਾ ਚਾਹੀਦਾ ਹੈ। ਉਨ੍ਹਾਂ ਨੂੰ ਸਿਰਫ ਵੇਖਣਾ ਅਤੇ ਸੁਣਨਾ ਹੀ ਨਹੀਂ ਚਾਹੀਦਾ। ਇੱਕ ਛੋਟਾ ਸਮੂਹ ਅਰਾਧਨਾ ਦੇ ਕੰਮ ਵੱਡੇ ਸਮੂਹ ਨਾਲੋਂ ਜਿਆਦਾ ਚੰਗੀ ਤਰ੍ਹਾਂ ਕਰ ਸਕਦਾ ਹੈ।
- ਜਿਹੜੇ ਪਰਮੇਸ਼ਰ ਦੀ ਮਹਿਮਾ ਦੇ ਰਹੇ ਹੋਣ, ਉਂਨਾਂ ਲੋਕਾਂ ਨੂੰ ਪਰਮੇਸ਼ਰ ਦੇ ਬਾਰੇ ਵਿੱਚ ਸੋਚਣ ਦਿਉ ਨਾ ਕਿ ਉਹਨਾਂ ਨੂੰ ਸੁੰਦਰ ਗੀਤ ਸੁਣਾਉਣ ਜਾਂ ਇਹ ਨਾ ਵਿਖਾਉ ਕਿ ਅਰਾਧਨਾ ਦੇ ਆਗੂ ਕਿੰਨਾ ਚੰਗਾ ਵਜਾ ਸਕਦੇ ਹਨ। ਇਹੋ ਜਿਹੇ ਗਾਣੇ ਅਤੇ ਕੰਮ ਚੁਣੋਂ ਜਿਹੜੇ ਪਰਮੇਸ਼ਰ ਵੱਲ ਧਿਆਨ ਖਿੱਚਣ।
- ਅਰਾਧਨਾ ਦੇ ਇਹੋ ਜਿਹੇ ਕੰਮ ਕਰੋ, ਜਿਹੜੇ ਲੋਕਾਂ ਦੇ ਕੰਮ ਕਰਨ ਅਤੇ ਸਿੱਖਣ ਦੇ ਤਰੀਕਿਆਂ ਤੇ ਧਿਆਨ ਦੇਣ। ਉਹ ਕੰਮ ਅਰਾਧਨਾ ਦੇ ਅਨੁਸਾਰ ਵੀ ਠੀਕ ਹੋਣ ਪਰ ਅਰਾਧਨਾ ਦੇ ਸਮੇਂ ਉਸ ਵਿੱਚ ਅੜਚਣ (ਬਾਧਾ) ਨਾ ਪਾਉ।
- ਇਹ ਸੋਚਣਾ ਬੰਦ ਕਰੋ ਕਿ ਤੁਸੀ ਮਹਿੰਗੇ ਸਾਜ ਖਰੀਦਣੇ ਹਨ। ਜਾਂ ਇਹੋ ਜਿਹੇ ਸੰਗੀਤਕਾਰਾਂ ਨੂੰ ਨਾ ਭੁੱਲੋ ਜਿਹੜੇ ਇੰਨਾਂ ਚੰਗਾ ਵਜਾਉਂਦੇ ਹਨ। ਵਿਸ਼ਵਾਸੀ ਉਨ੍ਹਾਂ ਨੂੰ ਗਾਉਣਾ ਛੱਡ ਕੇ ਸਿਰਫ ਉਨ੍ਹਾਂ ਨੂੰ ਸੁਣਨ। ਇਹੋ ਜਿਹੇ ਲੋਕਾਂ ਨੂੰ ਛੱਡ ਦਿਉ, ਜਿਹੜੇ ਵਜਾਉਣ ਵਾਲੇ ਦੀ ਪ੍ਰਸ਼ੰਸਾ ਕਰਨ, ਪਰਮੇਸ਼ਰ ਦੀ ਨਹੀਂ।

2. **ਅਰਾਧਨਾ ਦੇ ਇਹੋ ਜਿਹੇ ਕੰਮ ਚੁਣੋਂ, ਜਿਹੜੇ ਮੌਕੇ ਦੇ ਅਨੁਸਾਰ ਹੋਣ, ਲੋਕਾਂ ਦੀਆਂ ਅਤੇ ਉਨ੍ਹਾਂ ਦੀਆਂ ਵਰਤਮਾਨ ਜਰੂਰਤਾਂ ਨੂੰ ਅਤੇ (ਸਥਾਨਕ) ਇੱਕ ਹੀ ਜਗ੍ਹਾਂ ਤੇ ਰਹਿਣ ਵਾਲੇ ਲੋਕਾਂ ਦੇ ਅਨੁਸਾਰ ਹੋਣ।**

- ਇਹੋ ਜਿਹੀ ਸਮਾਨਤਾ ਨੂੰ ਲਿਆਉ, ਜਿਹੜੀ ਵਿਸ਼ਵਾਸੀਆਂ ਦੀ ਆਜਾਦੀ ਨੂੰ ਪਵਿੱਤਰ ਆਤਮਾ ਦੀ ਗੱਲ ਮੰਨਣ ਲਈ ਬੰਨ। ਹਰ ਪੌਲੁਸ-ਤਿਮੋਥਿਉਸ ਸਿੱਖਿਆ ਨਵੇ ਚਰਵਾਹਿਆਂ ਦੇ ਲਈ, ਅਰਾਧਨਾ ਦੇ ਲਈ ਕੁੱਝ ਕੰਮ ਦੱਸਦੀ ਹੈ।
- ਅਰਾਧਨਾ ਦੇ ਕੰਮ ਕਰਨ ਲਈ ਆਪਣੇ ਸਾਥੀਆਂ ਨਾਲ ਮਿਲ ਕੇ ਪ੍ਰਾਰਥਨਾ ਕਰੋ ਅਤੇ ਯੋਜਨਾ ਬਣਾਉ। ਇਸ ਨੂੰ ਸਮੇਂਤੋਂ ਪਹਿਲਾਂ ਕਰਨ ਦੀ ਕੋਸ਼ਿਸ਼ ਕਰੋ।
- ਇਹੋ ਜਿਹੇ ਆਗੂਆਂ ਨੂੰ ਛੱਡ ਦਿਉ, ਜਿਹੜੇ ਅਰਾਧਨਾ ਦੀ ਰੂਪ ਰੇਖਾ ਬਣਾਉਣ ਸਮੇਂ ਉਸ ਵਿੱਚ ਕੋਈ ਬਦਲਾਉ ਨਹੀ ਕਰਦੇ। ਮੁੱਕਤੀ ਲੱਭਣ ਵਾਲਿਆਂ ਦੇ ਲਈ ਵੀ ਨਹੀਂ।
- ਗੰਭੀਰ ਜਿਆਦਾ ਉਮਰ ਵਾਲੇ ਲੋਕਾਂ ਨੂੰ ਵੇਖਣ ਦਿਉ ਕਿ ਮੀਟਿੰਗ ਕਿਵੇਂ ਚਲਾਈ ਜਾ ਰਹੀ ਹੈ। ਜੇਕਰ ਦੂਸਰੇ ਵੀ ਇਸ ਨੂੰ ਚਲਾਉਣ ਤਾਂ ਜਿਆਦਾ ਉਮਰ ਵਾਲੇ ਆਦਮੀਆਂ ਨੂੰ ਜਵਾਨ ਲੋਕਾਂ ਨੂੰ ਅਤੇ ਬੱਚਿਆਂ ਨੂੰ ਮੀਟਿੰਗ ਦਾ ਕੁੱਝ ਹਿੱਸਾ ਲੈਣ ਦਿਉ।
- ਬੇਸ਼ਕ ਔਰਤਾਂ ਅਤੇ ਬੱਚਿਆਂ ਦੇ ਕੋਲ ਜਿਆਦਾ ਸਮਾਂ ਹੁੰਦਾ ਹੈ ਪਰ ਉਨ੍ਹਾਂ ਨੂੰ ਕੋਈ ਮੀਟਿੰਗ ਪ੍ਰਭਾਵਿਤ ਨਾ ਕਰਨ ਦਿਉ। ਧਿਆਨ ਰੱਖੋ ਕਿ ਗੰਭੀਰ ਆਦਮੀਆਂ ਨੂੰ ਜਿਹੜੇ ਜਿਆਦਾ ਚੰਗੇ ਆਗੂ ਬਣ ਸਕਦੇ ਹਨ, ਉਨ੍ਹਾਂ ਨੂੰ ਪਿੱਛੇ ਨਾ ਹਟਾਉ।

3. **ਸਾਰੇ ਵਿਸ਼ਵਾਸੀਆਂ ਨੂੰ ਪੂਰੀ ਤਰ੍ਹਾਂ ਹਿੱਸਾ ਲੈਣ ਦਿਉ।**

- ਹਰ ਉਮਰ ਦੇ ਬੱਚੇ ਨੂੰ ਹਿੱਸਾ ਲੈਣ ਦਿਉ। ਪੌਲੁਸ ਤਿਮੋਥਿਉਸ ਸਿੱਖਿਆ ਇਹੋ ਜਿਹੀ ਸਿੱਖਿਆ ਹੀ ਦਿੰਦੀ ਹੈ। ਬਾਈਬਲ ਦੀਆਂ ਇਹੋ ਜਿਹੀਆਂ ਕਹਾਣੀਆਂ ਦੱਸਦੀ ਹੈ, ਜਿਹੜੀ ਚਰਵਾਹਿਆਂ ਦੀ ਹਫਤੇ ਭਰ ਦੀ ਸਿੱਖਿਆ ਨਾਲ ਸਬੰਧ ਰੱਖਦੀ ਹੈ। ਤਾਂ ਜੋ ਬੱਚੇ ਵੱਡਿਆਂ ਦੇ ਲਈ ਨਾਟਕ ਕਰ ਸਕਣ। ਬੱਚਿਆਂ ਦੀਆਂ ਸਿਖਿਆਵਾਂ ਵਿੱਚ ਭਜਨਾਂਵਲੀ ਦੀਆਂ ਕਵਿਤਾਵਾਂ ਵੀ ਹਨ, ਜਿਹੜੀਆਂ ਬੱਚੇ ਸੁਣਾ ਸਕਦੇ ਹਨ। ਅਤੇ ਵੱਡਿਆਂ ਤੋਂ ਪ੍ਰਸ਼ਨ ਪੁੱਛ ਸਕਦੇ ਹਨ। ਕੋਸ਼ਿਸ਼ ਕਰੋ ਕਿ ਬੱਚੇ ਪੂਰਾ ਸਮਾਂ ਵੱਖਰੇ ਕਮਰੇ ਵਿੱਚ ਨਾ ਰਹਿਣ। ਉਨ੍ਹਾਂ ਨੂੰ ਪੜ੍ਹਾਈ ਵਿੱਚ, ਮਹਿਮਾ ਕਰਨ ਵਿੱਚ ਹਿੱਸਾ ਲੈਣ ਦਿਉ।
- ਮੁੱਖ ਆਗੂ ਜਾਂ ਕਿਸੇ ਹੋਰ ਆਗੂ ਨੂੰ ਜਿਆਦਾ ਸਮਾਂ ਪ੍ਰਾਰਥਨਾ ਨਾ ਲੈਣ ਦਿਉ। ਸਭ ਨੂੰ ਇੱਕ ਦੂਸਰੇ ਨੂੰ ਜਾਣਨ ਦਿਉ ਅਤੇ ਪਿਆਰ ਕਰਨ ਦਿਉ।
- ਸਿਰਫ ਵੱਡਿਆਂ ਨੂੰ ਹੀ ਪੜ੍ਹਾਈ ਦਾ ਅਤੇ ਪ੍ਰਬੰਧਕਾਂ ਨੂੰ ਹੀ ਕੰਮ ਨਾ ਕਰਨ ਦਿਉ। ਇਸ ਨਾਲ ਵੱਡੇ ਬੱਚੇ ਤੰਗ ਆ ਜਾਂਦੇ ਹਨ, ਅਤੇ ਸ਼ੈਤਾਨੀ ਕਰਦੇ ਹਨ। ਪ੍ਰਾਰਥਨਾ ਕਰਨ ਵਾਲਿਆਂ ਨੂੰ ਇੱਕ ਦੂਸਰੇ ਨਾਲ ਸਬੰਧ ਰੱਖ ਕੇ ਆਗਿਆਂ ਮੰਨਣ ਦਿਉ।
- ਵਿਸ਼ਵਾਸੀਆਂ ਨੂੰ ਮੌਕਾ ਦਿਉ ਕਿ ਉਹ ਰਿਪੋਰਟ ਕਰਨ ਕਿ ਯਿਸੂ ਮਸੀਹ ਦੇ ਲਈ ਉਹ ਕਲੀਸੀਆ ਵਿੱਚ ਕੀ ਕਰ ਰਹੇ ਹਨ।
- ਵਿਸ਼ਵਾਸੀਆਂ ਨੂੰ ਛੋਟੇ-ਛੋਟੇ ਸਮੂਹਾਂ ਵਿੱਚ ਦੋ, ਤਿੰਨ ਜਾਂ ਚਾਰ ਲੋਕਾਂ ਵਿੱਚ ਪ੍ਰਾਰਥਨਾ ਕਰਨ ਦਿਉ। ਕੁੱਝ ਕਰਨ ਨਾਲ ਹਰ ਆਦਮੀ ਨੂੰ ਸੁਣਨ ਦਾ ਮੌਕਾ ਮਿਲਦਾ ਹੈ ਅਤੇ ਪ੍ਰਸ਼ਨ ਪੁੱਛਣ ਦਾ, ਯੋਜਨਾ ਬਣਾਉਣ ਦਾ, ਦੂਸਰਿਆਂ ਨੂੰ ਸਮਝਾਉਣ ਦਾ, ਅਤੇ ਪ੍ਰਾਰਥਨਾ ਕਰਨ ਦਾ। ਵਿਸ਼ਵਾਸੀਆਂ ਨੂੰ ਲੋਕਾਂ ਨਾਲ ਸਮਾਂ ਬਿਤਾਉਣ ਦਿਉ। ਜਿੰਨਾ ਨੂੰ ਬੁਰਾ ਲੱਗਦਾ ਹੈ ਅਤੇ ਜਿੰਨ੍ਹਾਂ ਨੂੰ ਤਕਲੀਫਾਂ ਹਨ, ਬੀਮਾਰਾਂ ਦੇ ਲਈ ਜਾਂ ਜਿਹੜੇ ਗੁੰਮ ਹੋ ਗਏ ਹਨ, ਉਨ੍ਹਾਂ ਲਈ ਪ੍ਰਾਰਥਨਾ ਕਰੋ ਅਤੇ ਇੱਕ ਦੂਸਰੇ ਦੇ ਲਈ ਵੀ।
- ਪਹਿਲਾਂ ਤੋਂ ਪਰੋਗਰਾਮਾਂ ਦੇ ਲਈ ਕੰਮ ਲੈਣੇ ਬੰਦ ਕਰੋ। ਇੱਕ ਦੂਜੇ ਨਾਲ ਆਨੰਦ ਮਨਾਉਣ ਲਈ ਪ੍ਰਾਰਥਨਾ ਕਰੋ ਅਤੇ ਇੱਕ ਦੂਜੇ ਨੂੰ ਜਾਨਣ ਲਈ ਸਮਾਂ ਬਿਤਾਉ। ਬਿਨਾਂ ਕਿਸੇ ਰੋਕ ਦੇ ਗੱਲ ਕਰਨ ਦਿਓ, ਪ੍ਰਾਰਥਨਾ ਕਰਨ ਦਿਉ।
- ਆਪਣੇ ਸਮੂਹ ਨੂੰ ਜਦੋਂ ਸ਼ੁਰੂ ਕਰ ਰਹੇ ਹੋਵੋਂ ਤਾਂ ਸਮੂਹ ਨੂੰ ਛੋਟਾ ਹੀ ਰੱਖੋ।
- ਬੱਚਣ ਦਾ ਤਰੀਕਾ ਘੇਰੇ ਵਿੱਚ ਬੈਠਨ ਦੀ ਕੋਸ਼ਿਸ਼ ਕਰੋ। ਵਿਸ਼ਵਾਸੀ ਬੱਚਿਆਂ ਦੀ ਤਰ੍ਹਾਂ ਇੱਕ ਦੂਸਰੇ ਦੇ ਪਿੱਛੇ ਨਾ ਬੈਠੋਂ ਕਿਉਂਕਿ ਤੁਸੀ ਇੱਕ ਦੂਸਰੇ ਦੀ ਪਿੱਠ ਹੀ ਵੇਖ ਪਾਉਗੇ।
- ਇਹੋ ਜਿਹੇ ਦੋ ਤਿੰਨ ਲੋਕਾਂ ਨੂੰ ਨਾ ਲਉ, ਜਿਨ੍ਹਾਂ ਦਾ ਗੱਲਬਾਤ ਕਰਨਾ ਠੀਕ ਨਾ ਹੋਵੇ। ਗੱਲਬਾਤ ਦੇ ਵਿੱਚ ਚਰਵਾਹਿਆਂ ਨੂੰ ਲੋਕਾਂ ਨੂੰ ਠੀਕ ਕਰਨ ਦਿਉ, ਜਿਹੜੇ ਜਿਆਦਾ ਬੋਲ ਰਹੇ ਹੋਣ ਜਾਂ ਸ਼ਿਕਾਇਤ ਕਰ ਰਹੇ ਹੋਣ। ਆਗੂਆਂ ਨੂੰ ਜਿਆਦਾ ਬੋਲਣ ਵਾਲੇ ਲੋਕਾਂ ਦਾ ਧਿਆਨ ਖਿੱਚਣ ਲਈ ਕਹਿਣਾ ਚਾਹੀਦਾ ਹੈ। ਜਿਹੜੇ ਲੋਕ ਗੱਲ ਨਹੀਂ ਕਰ ਰਹੇ ਹਨ। ਕੁੱਝ ਕਹਿਣ, ਲੋਕਾਂ ਦੀ ਮਦਦ ਕਰਨ, ਖੱਲ ਕੇ ਬੋਲ ਸਕਣ, ਅਤੇ ਆਪਣੇ ਵਿਚਾਰ ਦੱਸ ਸਕਣ।
- ਇਹੋ ਜਿਹੇ ਲੋਕਾਂ ਨੂੰ ਦੂਰ ਰੱਖੋ ਜਿਹੜੇ ਹਮੇਸ਼ਾ (ਸਦਾ) ਸਮੂਹ ਦਾ ਧਿਆਨ ਖਿੱਚਣਾ ਚਾਹੁੰਦੇ ਹਨ। ਕੁੱਝ ਲੋਕ ਹਰ ਮਿਟਿੰਗ ਵਿੱਚ ਗੱਲਬਾਤ ਕਰਨ ਲਈ ਆਪਣੀਆਂ ਪਰੇਸ਼ਾਨੀਆਂ ਲੈ ਕੇ ਆਉਂਦੇ ਹਨ। ਉਹ ਕਿਸੇ ਖਾਸ ਬੁਰੇ ਹਾਦਸੇ ਦਾ ਖਾਸ ਸ਼ਿਕਾਰ ਹੋਣਾ ਪਸੰਦ ਕਰਦੇ ਹਨ। ਅਤੇ ਕਈ ਲੋਕ ਇੰਨੇ ਘਮੰਡੀ ਹੁੰਦੇ ਹਨ, ਕਿ ਉਹ ਵਿਸ਼ਾ ਖਤਮ ਹੋਣ ਤੋ ਹੀ ਆਪਣਾ ਆਖਰੀ ਸ਼ਬਦ ਕਹਿੰਦੇ ਹਨ।

ਵਿਸ਼ਾਵਾਸੀਆ ਨੂੰ ਕਹੋ ਕਿ ਉਹ ਬਾਈਬਲ ਨੂੰ ਕਹਾਣੀ ਦੀ ਤਰ੍ਹਾਂ ਪੜਣ। ਉਨ੍ਹਾਂ ਨੂੰ ਕਹੋ ਕਿ ਕਹਾਣੀ ਸੁਣਾਉਣ ਲਈ ਇਹੋ ਜਿਹਾ ਹਿੱਸਾ ਪੜ੍ਹ ਸਕਦਾ ਹੈ ਜਿਸ ਵਿੱਚ ਗੱਲਬਾਤ ਨਹੀਂ ਹੈ। ਉਦਾਹਰਣ ਦੇ ਲਈ ਇੱਕ ਕਹਾਣੀ

ਸੁਣਾਉਣ ਵਾਲਾ ਉਤਪਤ 3 ਪੜ੍ਹ ਸਕਦਾ ਹੈ।

ਇੱਕ ਆਦਮੀ ਪੜ੍ਹ ਸਕਦਾ ਹੈ ਕਿ ਆਦਮ ਨੇ ਕੀ ਕਿਹਾ, ਕੀ ਕੀਤਾ?

ਇੱਕ ਔਰਤ ਹਵਾ ਦਾ ਹਿੱਸਾ ਲੈ ਸਕਦੀ ਹੈ ਅਤੇ ਕੋਈ ਦੂਸਰਾ ਆਦਮੀ ਵੱਡਾ ਸ਼ੈਤਾਨ ਦਾ ਹਿੱਸਾ ਲੈ ਸਕਦਾ ਹੈ।

ਕੋਈ ਦੂਸਰਾ ਆਦਮੀ ਪਰਮੇਸ਼ਰ ਦੇ ਵਚਨ ਬੋਲ ਸਕਦਾ ਹੈ।

4 **ਪਵਿੱਤਰ ਆਤਮਾ ਨੂੰ ਵੱਖ-ਵੱਖ ਤਰ੍ਹਾਂ ਦੇ ਆਤਮਿਕ ਉਪਹਾਰਾਂ ਨੂੰ ਪ੍ਰਯੋਗ ਕਰਨ ਦਿਉ। ਇਹੋ ਜਿਹਿਆਂ ਨੂੰ ਵਿਸ਼ਵਾਸੀ ਇੱਕ ਦੂਸਰੇ ਨਾਲ ਪਿਆਰ ਵਧਾਉਣ ਲਈ ਪ੍ਰਯੋਗ ਕਰ ਸਕਣ।**

- 1 ਕੁਰਿੰਥੁਸ ਅਧਿਆਇ ਬਾਰਾਂ, ਤੇਰ੍ਹਾਂ ਦੱਸਦਾ ਹੈ ਕਿ ਵਿਸ਼ਵਾਸੀਆ ਨੂੰ ਆਤਮਿਕ ਉਪਹਾਰਾਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ। ਪਵਿੱਤਰ ਆਤਮਾ ਨੇ ਇਹ ਹਰ ਇੱਕ ਨੂੰ ਦਿੱਤੇ ਹਨ। ਆਪਸ ਵਿੱਚ ਪਿਆਰ ਨਾਲ ਰਹੋ, ਜਿਸ ਤਰ੍ਹਾਂ ਸ਼ਰੀਰ ਦੇ ਤੱਤ ਮਿਲ ਕੇ ਰਹਿੰਦੇ ਹਨ।ਕੋਸ਼ਿਸ਼ ਕਰੋ ਕਿ ਕੋਈ ਵੱਖਰਾ (ਕੰਮ) ਪ੍ਰੋਗਰਾਮ ਨਾ ਬਣਾਉ। ਜਾਂ ਕੋਈ ਵੱਖਰਾ ਮਹਿਕਮਾ ਜਿਹੜਾ ਲੋਕਾਂ ਨੂੰ ਦੂਜੇ ਵਿਸ਼ਵਾਸੀਆਂ ਤੋਂ ਦੂਰ ਰੱਖੇ। ਜਿੰਨ੍ਹਾਂ ਦੇ ਕੋਲ ਦੂਸਰੇ ਆਤਮਕ -ਉਪਹਾਰ ਹਨ, ਦੂਸਰੇ ਪੁਰਾਣੇ ਰੀਤੀ ਰਿਵਾਜਾਂ ਤੇ ਚੱਲਣ ਵਾਲੇ ਗਿਰਜਾਘਰਾਂ ਦੀ ਤਰ੍ਹਾਂ ਨਾ ਕਰੋ ਜਿੱਥੇ ਵਿਸ਼ਵਾਸੀ ਜਿੰਨ੍ਹਾਂ ਦੇ ਕੋਲ ਸਮਾਨ ਆਤਮਕ-ਉਪਹਾਰ ਹਨ, ਇੱਕ ਦੂਸਰੇ ਨਾਲ ਮੁਕਾਬਲਾ ਕਰਦੇ ਹਨ, ਅਤੇ ਖਾਸ ਤਰ੍ਹਾਂ ਦੀ ਸੇਵਾ ਵਿੱਚ ਜਿਆਦਾ ਚੰਗਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਪਰ ਉਨ੍ਹਾਂ ਦੇ ਦੂਸਰੇ ਆਤਿਮਕ ਉਪਹਾਰਾਂ ਵਾਲੇ ਲੋਕਾਂ ਨਾਲ ਜਾਣ ਪਛਾਣ ਬਹੁਤ ਘੱਟ ਹੁੰਦੀ ਹੈ।
- ਅਰਾਧਨਾ ਦੇ ਸਮੇਂ ਦੱਸੋ ਕਿ ਤੁਸੀ ਹਫਤੇ ਦੇ ਦੋਰਾਨ ਕੀ-ਕੀ ਕੰਮ ਕਰਨੇ ਹਨ। ਕੁੱਝ ਕੰਮ ਹਫਤੇ ਵਿੱਚ ਪੜ੍ਹਾਈ ਦੀਆਂ ਚੀਜਾਂ ਨਾਲ ਸਬੰਧ ਰੱਖਦੇ ਹੋਣੇ ਚਾਹੀਦੇ ਹਨ। ਦੂਸਰੇ ਕੰਮ ਅਣਵੇਖੀਆਂ ਜਰੂਰਤਾਂ ਅਤੇ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ ਵਿਸ਼ਵਾਸੀਆਂ ਨੂੰ ਉਨਾਂ ਗੁਆਂਢੀਆਂ ਅਤੇ ਦੋਸਤਾਂ ਬਾਰੇ ਦੱਸਣ ਦਿਉ ਜਿਨ੍ਹਾਂ ਨੂੰ ਮਦਦ ਦੀ ਜਰੂਰਤ ਹੈ। ਅਤੇ ਉਨ੍ਹਾਂ ਦੀ ਸੇਵਾ ਕਰਨ ਲਈ ਕੀ ਕਰ ਸਕਦੇ ਹਨ?
- ਵਿਸ਼ਵਾਸੀਆਂ ਨੂੰ ਆਪਣੇ ਬਾਰੇ ਗੱਲਬਾਤ ਕਰਨ ਦਿਉ। ਕੁੱਝ ਪੱਕੀਆਂ ਯੋਜਨਾਵਾਂ ਬਣਾਉਣੀਆਂ ਚਾਹੀਦੀਆਂ ਹਨ। ਕੌਣ ਅਤੇ ਕਿਸ ਸਮੇਂ ਮਦਦ ਕਰੇਗਾ। ਯੋਜਨਾਵਾਂ ਵਿੱਚ ਹੇਠ ਲਿਖੀਆਂ ਗੱਲਾਂ ਹੋ ਸਕਦੀਆਂ ਹਨ।
- ਇੱਕ ਦੂਸਰੇ ਲਈ ਪ੍ਰਾਰਥਨਾ ਕਰਨਾ, ਬੀਮਾਰਾਂ ਦੇ ਲਈ, ਗੁਆਢੀ ਹੋਇਆਂ ਅਤੇ ਸ਼ੈਤਾਨੀ ਚੀਜਾਂ ਵਿੱਚ ਫਸੇ ਹੋਏ ਲੋਕਾਂ ਦੇ ਲਈ ਪ੍ਰਾਰਥਨਾ ਕਰਨਾ।

    ਦੂਸਰੀਆਂ ਕਲੀਸਿਆਵਾਂ ਦੇ ਨਾਲ ਸਹਿਯੋਗ ਦੇਣਾ।

    ਜਰੂਰਤਵੰਦਾਂ ਦੀ ਸੇਵਾ ਕਰਨਾ।

    ਪਰਿਵਾਰਕ ਪ੍ਰਾਰਥਨਾ ਸਭਾ

- ਕਲੀਸਿਆ ਅਤੇ ਆਪਣੇ ਵਿੱਚ ਪਿਆਰਾ ਸਬੰਧ ਬਣਾਉ। ਜਿਵੇਂ ਨਵੇਂ ਨਿਯਮ ਵਿੱਚ ਇੱਕ ਦੂਸਰੇ ਨਾਲ ਸਬੰਧ ਰੱਖਣ ਦੇ ਨਿਰਦੇਸ਼ ਵਿੱਚ ਲਿਖਿਆ ਹੈ।

ਨਵੇਂ ਨਿਯਮ ਨਾਲ ਸਬੰਧ, ਇੱਕ ਦੂਸਰੇ ਨਾਲ ਸਬੰਧ ਰੱਖਣ ਦਾ ਆਦੇਸ਼

**ਪਿਆਰ**

- ਇੱਕ ਦੂਜੇ ਨਾਲ ਪਿਆਰ ਕਰੋ ਯਹੂੰਨਾ 13:34–35, 5:12, 17 ਰੋਮ 12:10, 1 ਥੱਸਲੁਨੀਕੀਆਂ 4:9, 1 ਯੂਹੰਨਾ 3:11, 14, 23, 4:7, 11, 12 2 ਯੂਹੰਨਾ 1:5 1 ਪਤਰਸ 1:12
- ਇੱਕ ਦੂਸਰੇ ਨਾਲ ਨਿਯਮ ਨੂੰ ਪੂਰਾ ਕਰਨ ਲਈ ਪਿਆਰ ਕਰੋ : ਰੋਮ 13:8
- ਇੱਕ ਦੂਸਰੇ ਲਈ ਪਿਆਰ ਨੂੰ ਵਧਾਉ : 2 ਥਿਸੱਲੁਨੀਕੀਆਂ 1:3
- ਇੱਕ ਦੂਸਰੇ ਲਈ ਪਿਆਰ ਵਿੱਚ ਬੱਝ ਜਾਉ 1 ਥਿਸੱਲੁਨੀਕੀਆਂ 3:12
- ਇੱਕ ਦੂਸਰੇ ਨੂੰ ਡੂੰਘਾਈ ਨਾਲ ਪਿਆਰ ਕਰੋ, ਆਪਣੇ ਪਾਪਾਂ ਨੂੰ ਲੁਕਾਉਣ ਲਈ 1 ਪਤਰਸ 4:8

**ਅਰਾਧਨਾ ਅਤੇ ਮੇਲ ਜੋਲ ਦਾ ਭਾਵ ਰੱਖੋ।**

- ਇੱਕ ਦੂਸਰੇ ਨਾਲ ਸੰਗਤ ਰੱਖੋ। 1 ਯਹੂੰਨਾ 1:7
- ਇੱਕ ਦੂਸਰੇ ਨੂੰ ਮਾਫ ਕਰੋ। ਅਫਸੀਆਂ 3:13, 4:32 ਕੁਲੁਸੀਆਂ 3:13
- ਇੱਕ ਦੂਸਰੇ ਨੂੰ ਪਿਆਰ ਨਾਲ ਚੁੰਮੋ ਜਿਵੇਂ ਰੀਤੀ-ਰਿਵਾਜ ਵਿੱਚ ਹੈ। ਰੋਮ 16:16, 1 ਕੁਰਿੰਥੁਸ 16:20 2 ਕੁਰਿੰਥੁਸ 13:12, 1 ਪਤਰਸ 5:14
- ਇੱਕ ਦੂਸਰੇ ਲਈ ਰੋਟੀ ਤੋੜਣ ਦਾ ਇੰਤਜ਼ਾਰ ਕਰੋ 1 ਕੁਰਿੰਥੁਸ 11:33
- ਇੱਕ ਦੂਸਰੇ ਦੇ ਦੁੱਖ ਉਠਾਉ : 1 ਕੁਰਿੰਥੁਸ 12:26

**ਸੇਵਾ**

- ਇੱਕ ਦੂਸਰੇ ਦੀ ਸੇਵਾ ਕਰੋ ਉਨ੍ਹਾਂ ਉਪਹਾਰਾਂ ਨਾਲ ਜਿਹੜੇ ਹਰ ਇੱਕ ਨੂੰ ਮਿਲੇ ਹਨ। 1 ਪਤਰਸ 4:10
- ਇੱਕ ਦੂਸਰੇ ਦੀ ਪਿਆਰ ਵਿੱਚ ਸੇਵਾ ਕਰੋ। ਗਲਤੀਆਂ 5:13
- ਇੱਕ ਦੂਸਰੇ ਲਈ ਦਇਆ ਵਿਖਾਉ : 1 ਥਿਸੱਲੁਨੀਕੀਆਂ 5:15
- ਇੱਕ ਦੂਸਰੇ ਦਾ ਧਿਆਨ ਰੱਖੋ। 1 ਕੁਰਿੰਥੁਸ 12:25
- ਇੱਕ ਦੂਸਰੇ ਦੇ ਬੋਝ ਨੂੰ ਉਠਾਉ। ਗਲਤੀਆਂ 6:2
- ਇੱਕ ਦੂਸਰੇ ਦੇ ਪੈਰ ਧੋਵੋ। ਇਹ ਇੱਕ ਉਦਾਹਰਣ ਹੈ, ਸੇਵਾ ਕਰਨ ਦਾ। ਯੂਹੰਨਾ 13:14
- ਇੱਕ ਦੂਸਰੇ ਦੇ ਨਾਲ ਕੰਮ ਕਰੋ : 1 ਕੁਰਿੰਥੁਸ 3:9 2 ਕੁਰਿੰਥੁਸ 6:1

**ਸਿਖਾਉ**

- ਇੱਕ ਦੂਸਰੇ ਨੂੰ ਸਿਖਾਉ। ਕੁਲੁਸਿਆਂ 3:16
- ਇੱਕ ਦੂਸਰੇ ਨੂੰ ਸਲਾਹ ਦਿਉ। ਰੋਮ 5:14

**ਉਤਸਾਹ ਵਧਾਉਣਾ**

- ਇੱਕ ਦੂਸਰੇ ਦਾ ਉਤਸਾਹ ਵਧਾਉਣ ਕੁਲੁਸੀਆਂ 3:16 ਇਬਰਾਨੀਆਂ 10:25
- ਇੱਕ ਦੂਸਰੇ ਨੂੰ ਪ੍ਰੇਰਿਤ ਕਰੋ। ਇਬਰਾਨੀਆਂ 3:13
- ਇੱਕ ਦੂਸਰੇ ਨਾਲ ਸੱਚ ਬੋਲੋ। ਅਫਸੀਆਂ 4:25
- ਇੱਕ ਦੂਸਰੇ ਲਈ ਆਪਣੀ ਜਾਨ ਲਾ ਦਿਉ 1 ਯਹੂੰਨਾ 3:16
- ਇੱਕ ਦੂਸਰੇ ਨੂੰ ਚੰਗੇ ਕੰਮ ਕਰਨ ਅਤੇ ਪਿਆਰ ਉਕਸਾਉ। ਇਬਰਾਨੀਆਂ 10:24

**ਪ੍ਰਾਰਥਨਾ ਕਰਨਾ, ਮੰਨਣਾ ਅਤੇ ਵੱਧਣਾ**

- ਇੱਕ ਦੂਸਰੇ ਲਈ ਪ੍ਰਾਰਥਨਾ ਕਰੋ ਯਾਕੂਬ 5:16
- ਆਪਣੇ ਪਾਪ ਇੱਕ ਦੂਸਰੇ ਦੇ ਸਾਹਮਣੇ ਮੰਨੋ ਯਾਕੂਬ 5:16
- ਇੱਕ ਦੂਸਰੇ ਨੂੰ ਤਾਕਤਵਰ ਬਣਾਉਣ ਵਿੱਚ ਮਦਦ ਕਰੋ 1ਥਿਸੱਲੁਨੀਕੀਆਂ 4:18 ਅਤੇ 5:1, 11
- ਇੱਕ ਦੂਸਰੇ ਨੂੰ ਵਧਾਉ, ਭਜਨਾਂ ਦੇ ਦੁਆਰਾ, ਵੱਖ-ਵੱਖ ਭਾਸ਼ਾ ਅਤੇ ਅਨੁਵਾਦ ਦੇ ਦੁਆਰਾ। 1 ਕੁਰਿੰਥੁਸ 14:26
- ਇੱਕ ਦੂਸਰੇ ਦੇ ਨਾਲ ਪਰਮੇਸ਼ਰ ਨੂੰ ਮਹਿਮਾ ਦਿਉ ਰੋਮ 15:6

**ਨਮਰਤਾ ਦੇ ਨਾਲ ਇੱਕ ਹੋ ਜਾਉ।**

- ਇੱਕ ਦੂਸਰੇ ਦਾ ਆਦਰ ਕਰੋ। ਰੋਮ 12:10
- ਇੱਕ ਦੂਸਰੇ ਨਾਲ ਇੱਕ ਮਨ ਰਹੋ। 2 ਕੁਰਿੰਥੁਸ 13:11 ਰੋਮ 12:16, 15:5
- ਇੱਕ ਦੂਸਰੇ ਦੀ ਅਲੋਚਨਾ ਨਾ ਕਰੋ। ਰੋਮ 14:13
- ਇੱਕ ਦੂਸਰੇ ਨੂੰ ਗਲਤ ਸ਼ਬਦ ਨਾ ਕਹੋ। ਯਾਕੂਬ 4:11, 5:9
- ਇੱਕ ਦੂਸਰੇ ਲਈ ਸਮਰਪਿਤ ਰਹੋ। ਅਫਸੀਆਂ 5:21
- ਇੱਕ ਦੂਸਰੇ ਨਾਲ ਨਮਰਤਾ ਨਾਲ ਢੱਕੇ ਰਹੋ। 1 ਪਤਰਸ 5:5

**ਮੇਲ ਮਿਲਾਪ ਨਾਲ ਰਹੋ।**

- ਇੱਕ ਦੂਸਰੇ ਨਾਲ ਸਹਿਣਸ਼ੀਲਤਾ ਨਾਲ ਰਹੋ। ਅਫਸੀਆਂ 4:2
- ਇੱਕ ਦੂਸਰੇ ਨਾਲ ਸ਼ਾਂਤੀ ਨਾਲ ਰਹੋ। ਮੱਤੀ 9:50
- ਇੱਕ ਦੂਸਰੇ ਦੀ ਟਹਿਲ ਸੇਵਾ ਵਿੱਚ ਲੱਗੇ ਰਹੋ। ਰੋਮ 15:7, ਪਤਰਸ 4:9

5. **ਪ੍ਰਭੂ ਭੋਜ ਨੂੰ ਇਸ ਤਰੀਕੇ ਨਾਲ ਲਓ ਕਿ ਪਵਿੱਤਰ ਆਤਮਾ ਦਾ ਮੌਕਾ ਮਿਲੇ ਪ੍ਰਭੂ ਦੀ ਮੌਜੂਦਗੀ ਦਾ ਸਭ ਨੂੰ ਅਹਿਸਾਸ ਹੋਵੇ।**

- ਪੌਲੁਸ ਤਿਮੋਥਿਉਸ ਸਿਖਿਆਂ ਨਵੇਂ ਆਗੂਆਂ ਦੇ ਲਈ ਬਹੁਤ ਸਾਰੇ ਪ੍ਰੇਰਣਾਦਾਇਕ ਬਾਈਬਲ ਦੇ ਵਚਨ ਦਿੰਦੀ ਹੈ। ਜਿਸ ਨਾਲ ਪ੍ਰਭੂ ਭੋਜ ਦੀ ਜਾਣਕਾਰੀ ਹੋਵੇ ਇਸ ਨੂੰ ਦੇਣ ਤੋਂ ਪਹਿਲਾਂ ਵਿਸ਼ਵਾਸੀਆਂ ਨੂੰ ਸਮਾਂ ਦਿਉ ਕਿ ਉਹ ਪ੍ਰਾਰਥਨਾ ਵਿੱਚ ਪਰਮੇਸ਼ਰ ਦੇ ਸਾਹਮਣੇ ਆਪਣੇ ਅਪਰਾਧਾਂ ਦੀ ਅੰਗੀਕਾਰ ਕਰਨ, ਆਪਣੇ ਗੁਪਤ ਅਪਰਾਧਾਂ ਦਾ ਚੁੱਪਚਾਪ ਅੰਗੀਕਾਰ ਕਰ ਲਉ। ਜੇਕਰ ਕੋਈ ਪੁੱਛੇ ਕਿ ਅਸੀਂ ਆਪਣੇ ਪਾਪਾਂ ਦਾ ਅੰਗੀਕਾਰ ਕਿਉ ਕਰੀਏ। ਤਾਂ ਉਨ੍ਹਾਂ ਨੂੰ ਯਹੂੰਨਾ 1:7-10 ਵਿਖਾਉ। 1 ਕੁਰਿੰਥੁਸ 11:27, 21 ਅਤੇ ਪਾਪਾਂ ਦੇ ਅੰਗੀਕਾਰ ਦੇ ਉਦਾਹਰਣ ਦੇਣ ਲਈ ਦਾਊਦ ਦਾ ਅੰਗੀਕਾਰ ਭਜਨਾਂਵਲੀ 51:1-10 ਦਿਉ।
- ਕੁੱਝ ਕਲੀਸਿਆਵਾਂ ਸਾਰਿਆਂ ਨੂੰ ਇੱਕੋ ਹੀ ਕੱਪ ਨਾਲ ਦਿੰਦੇ ਹਨ ਅਤੇ ਵਿਸ਼ਵਾਸੀ ਦਾਖਰਸ ਵਿੱਚ ਟੁਕੜਾ ਡੁਬਾਉਂਦੇ ਹਨ। ਬਾਕੀ ਸਾਰਿਆਂ ਲਈ ਵੱਖ-ਵੱਖ ਕੱਪ ਰੱਖਦੇ ਹਨ। ਕੁੱਝ ਕਲੀਸਿਆਵਾਂ ਸ਼ਰਾਬ ਦੀ ਥਾਂ ਅੰਗੂਰਾ ਦਾ ਰਸ ਰੱਖਦੀਆਂ ਹਨ। ਜਾਂ ਦੂਸਰੇ ਪੀਣ ਵਾਲੇ ਪਦਾਰਥ ਰੱਖਦੀਆਂ ਹਨ। ਇਹ ਸਾਰੇ ਵੱਖ-ਵੱਖ ਤਰੀਕੇ ਮੰਨਣ ਯੋਗ ਹਨ।
- ਪ੍ਰਭੂ ਭੋਜ ਨੂੰ ਇਸ ਦੇ ਅਦਭੁੱਤ ਭੇਤ ਦੇ ਅਨੁਭਵ ਤੋਂ ਬਿਨਾਂ ਸਿਰਫ ਇੱਕ ਹੋਰ ਸਾਧਾਰਣ ਸਿਖਾਉਣ ਦਾ ਸਮਾਂ ਨਾ ਬਣਨ ਦਿਉ।
- ਬਿਨਾਂ ਵਿਸ਼ਵਾਸੀਆਂ ਦੇ ਆਪਣੇ ਪਾਪਾਂ ਦੇ ਅੰਗੀਕਾਰ ਦੇ ਕਲੀਸਿਆਂ ਨੂੰ ਇਸ ਵਿੱਚੋ ਛੇਤੀ ਨਾਲ ਨਾ ਜਾਉ।
- ਪ੍ਰਭੂ ਭੋਜ ਨੂੰ ਕੇਵਲ ਖਾਣ ਦਾ ਹਿੱਸਾ ਨਾ ਬਣਾਉ ਨਾ ਬਣਨ ਦਿਉ ਪ੍ਰਭੂ ਦੀ ਦੇਹ ਵਿੱਚ ਪ੍ਰਾਰਥਨਾ ਮਈ ਹਿੱਸੇਦਾਰੀ ਨਾ ਹੋਵੇ। 1 ਕੁਰਿੰਥੁਸ 10:14 ਪੌਲੁਸ ਨੇ ਇਸ ਗਲਤੀ ਦਾ ਸੁਧਾਰ ਕੀਤਾ। 1 ਕੁਰਿੰਥੁਸ 11:20-34

6. **ਵੱਡਿਆਈ ਨੂੰ ਵੱਖ-ਵੱਖ ਰੂਪ ਲੈਣ ਦਿਉ।**

- ਜੇਕਰ ਅਧਿਕਾਰੀਆਂ ਤੋਂ ਸੁਰਖਿਆ ਦੀ ਜਰੂਰਤ ਹੈ। ਤਾਂ ਵਿਸ਼ਵਾਸੀਆਂ ਨੂੰ ਗਾਉਣ ਦਿਉ ਜਾਂ ਥੋੜੀ ਆਵਾਜ਼ ਵਿੱਚ ਹਾਂ ਹੌਲੀ ਜਿਹੀ ਸਤੂਤੀ ਕਰੋ। ਇਹ ਪ੍ਰਭੂ ਦੇ ਅੱਜ ਕੱਲ ਦੇ ਕੀਤੇ ਹੋਏ ਕੰਮ ਦੀਆਂ ਗਵਾਹੀਆਂ ਲੈ ਸਕਦੇ ਹਨ। ਬਾਈਬਲ ਦਾ ਪੜ੍ਹਨਾ ਆਗੂਆਂ ਦੁਆਰਾ ਕਹੇ ਗਏ ਵੱਚਨਾਂ ਦਾ ਦੁਹਰਾਉਣਾ, ਕਵਿਤਾਵਾਂ, ਨਾਟਕ, ਪਵਿੱਤਰ ਡਾਂਸ ਅਤੇ ਚੁਪ-ਚਾਪ ਮਨਨ ਕਰਨ ਨੂੰ ਵੀ ਲੈ ਸਕਦੇ ਹਾਂ।
- ਕੇਵਲ ਸੰਗੀਤ ਨੂੰ ਹੀ ਸਤੂਤੀ ਦਾ ਇੱਕ ਰੂਪ ਨਾ ਬਣਨ ਦਿਉ। ਪ੍ਰਾਰਥਨਾ ਨੂੰ ਕੇਵਲ ਖੂਬਸੂਰਤ ਸੰਗੀਤ ਵਿੱਚ ਰੂਪ ਰੇਖਾ ਨੂੰ ਸੰਚਾਲਨ ਕਰਨ ਤੋਂ ਰੋਕੋਂ, ਜਿਹੜੀ ਸਾਰੇ ਲੋਕਾਂ ਨੂੰ ਇੱਕ ਗੰਭੀਰ ਸਤੂਤੀ ਵਿੱਚ ਜਾਣ ਤੋਂ ਰੋਕਦਾ ਹੈ। ਇਹੋ ਜਿਹੇ ਸੰਗੀਤ ਨੂੰ ਗਾਉ ਜਿਹੜੀ ਸਾਰੀ ਉਮਰ ਦੇ ਲੋਕਾਂ ਅਤੇ ਸਥਾਨਕ ਸੰਸਕ੍ਰਿਤਿ ਦੇ ਲਈ ਸਹੀ ਹੋਏ। ਵਿਸ਼ਵਾਸੀਆਂ ਨੂੰ ਨਵੇਂਗਾਣੇ ਲਿਖਣ ਦੇ ਲਈ ਉਤਸਾਹਤ ਕਰੋ, ਕੇਵਲ ਉਹ ਗਾਣੇ, ਜਿਹੜੇ ਦੂਸਰੀ ਸੰਸਕ੍ਰਿਤਿ ਤੋਂ ਲਏ ਗਏ ਹਨ, ਗਾਉਣ ਤੋਂ ਬਚੋਂ।

7. **ਸਤੂਤੀ ਦੇ ਦੌਰਾਨ ਵਿਸ਼ਵਾਸੀਆਂ ਨੂੰ ਪਰਮੇਸ਼ਰ ਦੀ ਅੱਦਭੁਤ ਹਜ਼ੂਰੀ ਮਹਿਸੂਸ ਕਰਨ ਦਿਉ ਅਤੇ ਉਨ੍ਹਾਂ ਨੂੰ ਉਸਦੇ ਅੰਤ ਤੱਕ ਗੰਭੀਰ ਬਣਨ ਦਿਉ।**

ਸਮੂਹ ਦੀ ਅਰਾਧਨਾ ਦੇ ਸਮੇਂ ਦੀ ਇੱਕ ਸਹੀ ਸ਼ੁਰੂਆਤ ਅਤੇ ਅੰਤ ਨਿਸ਼ਚਿਤ ਕਰੋ। ਇੱਥੇ ਉਨ੍ਹਾਂ ਕੰਮਾਂ ਦੀ ਸੂਚੀ ਹੈ ਜਿਨ੍ਹਾਂ ਤੋਂ ਤੁਸੀਂ ਪ੍ਰਾਰਥਨਾ ਸ਼ੁਰੂ ਕਰ ਸਕਦੇ ਹੋ।

- ਅਰਾਧਨਾ ਸ਼ੁਰੂ ਕਰਨ ਦੇ ਲਈ ਭਜਨਾਵਲੀ ਦੇ ਪਦਾਂ ਦੀ ਮਦਦ ਲਉ।

| | | |
|---|---|---|
| ਜਬੂਰਾਂ ਦੀ ਪੋਥੀ 8:1 | ਜਬੂਰਾਂ ਦੀ ਪੋਥੀ 89:1 | ਜਬੂਰਾਂ ਦੀ ਪੋਥੀ 123:1 |
| ਜਬੂਰਾਂ ਦੀ ਪੋਥੀ 9:1-2 | ਜਬੂਰਾਂ ਦੀ ਪੋਥੀ 95:1-3 | ਜਬੂਰਾਂ ਦੀ ਪੋਥੀ 136:1-4 |
| ਜਬੂਰਾਂ ਦੀ ਪੋਥੀ 18:1-2 | ਜਬੂਰਾਂ ਦੀ ਪੋਥੀ 97:1 | ਜਬੂਰਾਂ ਦੀ ਪੋਥੀ 147:1 |
| ਜਬੂਰਾਂ ਦੀ ਪੋਥੀ 29:1-2 | ਜਬੂਰਾਂ ਦੀ ਪੋਥੀ 98:1-2 | ਜਬੂਰਾਂ ਦੀ ਪੋਥੀ 145:1-2 |
| ਜਬੂਰਾਂ ਦੀ ਪੋਥੀ 34:1-3 | ਜਬੂਰਾਂ ਦੀ ਪੋਥੀ 100 | ਜਬੂਰਾਂ ਦੀ ਪੋਥੀ 148:1-2 |
| ਜਬੂਰਾਂ ਦੀ ਪੋਥੀ 42:1 | ਜਬੂਰਾਂ ਦੀ ਪੋਥੀ 104:1 | ਜਬੂਰਾਂ ਦੀ ਪੋਥੀ 149:1-4 |
| ਜਬੂਰਾਂ ਦੀ ਪੋਥੀ 47:1-2 | ਜਬੂਰਾਂ ਦੀ ਪੋਥੀ 105:1-3 | ਜਬੂਰਾਂ ਦੀ ਪੋਥੀ 150 |
| ਜਬੂਰਾਂ ਦੀ ਪੋਥੀ 66:1-4 | ਜਬੂਰਾਂ ਦੀ ਪੋਥੀ 113:1-6 | ਹਬੱਕੂਕ 2:20 |
| ਜਬੂਰਾਂ ਦੀ ਪੋਥੀ 67:1-3 | ਜਬੂਰਾਂ ਦੀ ਪੋਥੀ 103:1 | ਪਰਕਾਸ਼ ਦੇ ਕਰਤੱਵ 7:9-12 |
| ਜਬੂਰਾਂ ਦੀ ਪੋਥੀ 81:1 | ਜਬੂਰਾਂ ਦੀ ਪੋਥੀ 111:1-3 | ਪਰਕਾਸ਼ ਦੇ ਕਰਤੱਵ 2:7 |
| ਜਬੂਰਾਂ ਦੀ ਪੋਥੀ 84:1-2 | ਜਬੂਰਾਂ ਦੀ ਪੋਥੀ 117 | ਪਰਕਾਸ਼ ਦੇ ਕਰਤੱਵ 22:6-7 |

- ਪਵਿੱਤਰ ਆਤਮਾ ਨਾਲ ਆਪਣੇ ਦਿਲਾਂ ਨੂੰ ਪ੍ਰਾਰਥਨਾ ਕਰਨ ਲਈ ਤਿਆਰ ਕਰੋ ਅਤੇ ਇਹ ਆਪ ਨੂੰ ਪਰਮੇਸ਼ਰ ਦੀ ਹਜ਼ੂਰੀ ਵਿਖਾਉਣ।
- ਇਸ ਗੱਲ ਦਾ ਧਿਆਨ ਰੱਖੋ ਕਿ ਸਾਰੇ ਲੋਕਾਂ ਨੂੰ ਇਹ ਪਤਾ ਹੋਵੇ ਕਿ ਸੱਚਮੁੱਚ ਵਿੱਚ ਉਹਨਾਂ ਨੇ ਅਰਾਧਨਾ ਕੀਤੀ ਹੈ।
- ਇਹੋ ਜਿਹਾ ਵਾਤਾਵਰਨ ਬਣਨ ਤੋਂ ਰੋਕੋ ਜਿਹੜਾ ਬਹੁਤ ਹੀ ਅਣਉਪਚਾਰਕ ਹੋਵੇ ਅਤੇ ਚੰਗੀ ਜਾਣ ਪਛਾਣ ਹੋਵੇ। ਜਿਹੜੇ ਧਰਮ, ਪਵਿੱਤਰਤਾ ਦੀ ਅਦਭੁੱਤ ਹਜ਼ੂਰੀ ਨੂੰ ਮਹਿਸੂਸ ਕਰਨ ਤੋਂ ਰੋਕਣ।

  ਇੱਥੇ ਕੁੱਝ ਦੂਸਰੀਆਂ ਚੀਜਾਂ ਹਨ ਹੋ ਅਰਾਧਨਾ ਕਰਨ ਵਿੱਚ ਹੌਸਲਾ ਵਧਾ ਸਕਦੀਆਂ ਹਨ।
- ਆਪਣੇ ਖੇਤਰ ਵਿੱਚ ਦੂਸਰੇ ਗਿਰਜਾਘਰਾਂ ਦੇ ਲਈ ਵੀ ਪ੍ਰਾਰਥਨਾ ਕਰੋ। ਭਾਵੇਂ ਉਹ ਜਿਆਦਾ ਪੁਰਾਣੇ ਵਿਚਾਰਾਂ ਵਾਲੇ ਅਤੇ ਦੂਜੀ ਤਰ੍ਹਾਂ ਦੀਆਂ ਚੀਜਾਂ ਕਰਦੇ ਹੋਣ।
- ਉਨ੍ਹਾਂ ਲੋਕਾਂ ਨੂੰ ਠੀਕ ਕਰਨ ਜਿਨ੍ਹਾਂ ਨੇ ਦੂਜੇ ਗਿਰਜਾਘਰਾਂ ਨੂੰ ਛੱਡ ਦਿੱਤਾ ਹੈ ਅਤੇ ਜਿਹੜੇ ਉਨ੍ਹਾਂ ਦੀ ਬਹੁਤ ਹੀ ਅਲੋਚਨਾ ਕਰਦੇ ਹਨ।
- ਚਰਵਾਹਿਆਂ ਦੀਆਂ ਗੱਲਾਂ, ਕਿਸੇ ਦੀ ਅਲੋਚਨਾ ਕਰਨ ਦੇ ਤਰੀਕੇ ਨਾਲ ਨਾ ਬੋਲੋ। ਇੱਕ ਅਲੋਚਨਾ ਕਰਨ ਵਾਲੀ ਆਤਮਾ, ਪਾਦਰੀਆਂ ਜਾਂ ਕਲੀਸਿਆ ਦੀ ਜਿਹੜੇ ਵੱਖਰੇ ਤਰੀਕੇ ਨਾਲ ਕੰਮ ਕਰਦੇ ਹਨ।
- ਕੋਸ਼ਿਸ਼ ਕਰੋ ਵਿਸ਼ਵਾਸੀ, ਦੂਸਰੀਆਂ ਕਲੀਸਿਆਵਾਂ ਦੇ ਵਿਸ਼ਵਾਸ ਅਤੇ ਕੰਮਾਂ ਦੇ ਬਾਰੇ ਵਿੱਚ ਆਪਣੇ ਗੁੱਸੇ ਨਾਲ ਭਰੇ ਹੋਏ ਭਾਵ ਨਾ ਦਿਖਾਉਣ।

**8. ਇਹੋ ਜਿਹੇ ਵਿਸ਼ਵਾਸੀ ਬਣਾਉ ਜਿਹੜੇ ਪਰਮੇਸ਼ਰ ਨੂੰ ਦੇਣ**

- ਵਿਸ਼ਵਾਸੀਆਂ ਨੂੰ ਜਾਣਨ ਦਿਉ ਕਿ ਚੰਦਾ ਕਿਵੇਂ ਪਰਮੇਸ਼ਰ ਦਾ ਰਾਜ ਵਧਾਉਣ ਅਤੇ ਲੋਕਾਂ ਦੀਆਂ ਜਰੂਰਤਾਂ ਨੂੰ ਪੂਰਿਆਂ ਕਰਨ ਲਈ ਪ੍ਰਯੋਗ ਹੁੰਦਾ ਹੈ।
- ਛੋਟੇ ਸਮੂਹਾਂ ਵਿੱਚ ਵਿਸ਼ਵਾਸੀ ਇਹੋ ਜਿਹੇ ਤਰੀਕਿਆਂ ਨਾਲ ਦੇਣਾ ਪਸੰਦ ਕਰਦੇ ਹਨ, ਕਿ ਦੂਸਰੇ ਧਿਆਨ ਨਾ ਦੇਣ।
- ਕੋਸ਼ਿਸ਼ ਕਰੋ ਕਿ ਆਗੂ ਪੈਸ਼ਿਆਂ ਦੇ ਲਈ ਭੀਖ ਨਾ ਮੰਗਣ। ਇਸ ਨਾਲ ਉਨ੍ਹਾਂ ਲੋਕਾਂ ਨੂੰ ਸ਼ਰਮ ਮਹਿਸੂਸ ਹੋਵੇਗੀ। ਜਿਹੜੇ ਦੇ ਨਹੀਂ ਸਕਦੇ, ਕਈ ਵਾਰ ਪੁੱਛਦੇ ਰਹਿੰਦੇ ਹਨ ਕਿ ਚੰਦਾ ਕਿਵੇਂ ਪ੍ਰਯੋਗ ਹੋਵੇਗਾ। ਆਗੂਆਂ ਨੂੰ ਆਪਣੇ ਲਈ ਕੋਈ ਸਮਾਨ ਨਾ ਖਰੀਦਣ ਦਿਉ।
- ਉਸ ਸਮੇਂ ਜਦੋਂ ਵਿਸ਼ਵਾਸੀਆਂ ਨੂੰ ਜਿਆਦਾ ਜਰੂਰਤ ਹੋਵੇ ਅਤੇ ਯਿਸੂ ਚਾਹੁੰਦਾ ਹੋਵੇ ਕਿ ਉਹ ਵਿਸ਼ਵਾਸੀਆਂ ਨੂੰ ਮਿਲਣ ਇੱਕ ਪੈਸਿਆਂ ਦਾ ਖਾਤਾ ਬਨਾਉ ਜਿਹੜਾ ਖਜਾਨਚੀ ਵੇਖਦਾ ਹੋਵੇ। ਜਿਹੜਾ ਕਲੀਸਿਆ ਦੁਆਰਾ ਚੁਣਿਆ ਗਿਆ ਹੋਵੇ।

**9 ਜਿਆਦਾਤਰ ਇਹੋ ਜਿਹੀਆਂ ਮੀਟਿੰਗ ਕੁੱਝ ਬਨਾਉਣ ਲਈ ਬੁਲਾਉ।**

- ਪ੍ਰਾਰਥਨਾ ਯੋਜਨਾ ਬਣਾਉਣ ਦੇ ਸਮੇਂ, ਵਿਸ਼ਵਾਸੀਆਂ ਦੇ ਵਧਣ ਤੇ ਆਧਾਰਿਤ ਹੋਵੇ। ਨਵੇਂ ਕੰਮਾਂ ਨੂੰ ਇਸ ਵਿੱਚ ਜੋੜੋ। ਉਦਾਹਰਣ ਦੇ ਤੌਰ ਤੇ, ਨਵੇਂ ਵਿਸ਼ਵਾਸੀਆਂ ਨੂੰ ਬਪਤਿਸਮਾ ਦਿਉ। ਇਹੋ ਜਿਹੇ ਕੰਮ ਚੁਣੋ, ਜਿਹੜੇ ਨਵੇਂ ਨਿਯਮ ਦੇ ਅਨੁਸਾਰ ਕਲੀਸਿਆ ਦੇ ਲਈ ਦਿੱਤੇ ਗਏ ਹੋਣ, ਨਵੀਂ ਕਲੀਸਿਆ ਅਤੇ ਸੈਲ ਬਣਾਉ।

  ਨਵੇਂ ਆਗੂਆਂ ਨੂੰ ਸਿਖਾਉ, ਵੱਖ-ਵੱਖ ਜਗ੍ਹਾ ਘੁੰਮੋ।
- ਵਿਸ਼ਵਾਸੀਆਂ ਨੂੰ ਆਸ਼ਿਸ ਮਿਲੇ। ਇੱਕ ਸਮੂਹ ਬਣਾਉ ਜਿਹੜਾ ਮੁਸੀਬਤ ਵਿੱਚ ਫਸੇ ਲੋਕਾਂ ਦੀ ਮਦਦ ਕਰ ਸਕੇ। ਕੋਸ਼ਿਸ਼ ਕਰੋ ਤੁਸੀਂ ਜਿਆਦਾਤਰ ਬੁਰੀਆਂ ਚੀਜਾਂ, ਜਿਵੇਂ ਬਿਮਾਰੀਆਂ ਅਤੇ ਬੀਮਾਰੀਆਂ ਨਾਲ ਸਬੰਧ ਰੱਖਣ ਵਾਲੇ ਡਾਕਟਰਾਂ ਦੇ ਕੋਲ ਜਾਣਾ ਪੈਂਦਾ ਹੈ। ਸਮਾਜ ਦੇ ਪਾਪ, ਆਮ ਤਕਲੀਫਾਂ ਅਤੇ ਕੁੱਝ ਦੂਸਰੀਆਂ ਚੀਜਾਂ ਵੀ ਲਉ, ਜਿਹੜੀਆਂ ਸਾਡੇ ਸਰੀਰ ਨੂੰ ਵਧਾਉਣ।

Copyright 2003 © by Paul-Timothy. May be freely copied. Download from www.Paul-Timothy.net